**Date: 15 May, 2026**

**Press Note**

ਓਪਨ ਯੂਨੀਵਰਸਿਟੀ ਵਿਖੇ ਰਿਸਰਚ ਮੈਥਡੋਲੋਜੀ `ਤੇ ਸੱਤ-ਰੋਜ਼ਾ ਰਾਸ਼ਟਰੀ ਵਰਕਸ਼ਾਪ ਦਾ ਆਗਾਜ਼

**15 ਮਈ 2026**

ਰਿਸਰਚ ਐਂਡ ਡਿਵੈਲਪਮੈਂਟ ਸੈੱਲ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਵਲੋਂ "ਰਿਸਰਚ ਮੈਥਡੋਲੋਜੀ" ਤੇ ਸੱਤ ਰੋਜ਼ਾ ਰਾਸ਼ਟਰੀ ਵਰਕਸ਼ਾਪ ਦਾ ਆਗਾਜ਼ 14 ਮਈ 2026 ਨੂੰ ਹੋਇਆ। ਵਰਕਸ਼ਾਪ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਪ੍ਰੋ (ਡਾ.) ਰਤਨ ਸਿੰਘ ਦੀ ਯੋਗ ਅਗਵਾਈ ਹੇਠ ਕਰਵਾਈ ਜਾ ਰਹੀ ਹੈ। ਸੱਤ-ਰੋਜ਼ਾ ਰਾਸ਼ਟਰੀ ਵਰਕਸ਼ਾਪ ਦੌਰਾਨ ਡਾ. ਨੀਰਜ ਕੁਮਾਰ ਸਿੰਘ, ਡਿਪਟੀ ਲਾਇਬ੍ਰੇਰੀਅਨ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ; ਡਾ. ਸਤਿੰਦਰ ਕੁਮਾਰ, ਸਕੂਲ ਆਫ਼ ਮੈਨੇਜਮੈਂਟ ਸਟੱਡੀਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਡਾ. ਗੁਰਮਨਪ੍ਰੀਤ ਕੌਰ, ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ, ਪੰਜਾਬ ਰਿਸਰਚ ਸਕਾਲਰਾਂ ਨੂੰ ਵੱਖ-ਵੱਖ ਵਿਸ਼ਿਆਂ ਬਾਰੇ ਜਾਣਕਾਰੀ ਦੇਣਗੇ ।

ਉਦਘਾਟਨੀ ਸੈਸ਼ਨ ਦੌਰਾਨ ਪ੍ਰੋ (ਡਾ.) ਰਤਨ ਸਿੰਘ ਨੇ ਰਿਸਰਚ ਸਕਾਲਰਾਂ ਨੂੰ ਵਧੀਆ ਖੋਜ ਦਾ ਹਾਈਪੋਥੀਸ ਬਣਾਉਣ ਲਈ ਪ੍ਰੇਰਿਤ ਕੀਤਾ । ਉਨ੍ਹਾਂ ਨੇ ਖੋਜ ਦੇ ਬੁਨਿਆਦੀ ਤੱਤਾਂ, ਨੈਤਿਕਤਾ ਬਾਰੇ ਜਾਣਕਾਰੀ ਦਿੱਤੀ ਅਤੇ ਗੁਣਵੱਤਾਪੂਰਨ ਖੋਜ ਦੀ ਸਮਾਜਿਕ ਅਤੇ ਅਕਾਦਮਿਕ ਵਿਕਾਸ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ । ਡਾ. ਅਮਿਤੋਜ ਸਿੰਘ, ਐਸੋਸੀਏਟ ਡੀਨ ਅਕਾਦਮਿਕ ਮਾਮਲੇ ਨੇ ਸਾਰਿਆਂ ਦਾ ਸਵਾਗਤ ਕੀਤਾ। ਵਰਕਸ਼ਾਪ ਦੇ ਪਹਿਲੇ ਸੈਸ਼ਨ ਵਿੱਚ ਡਾ. ਨਵਲੀਨ ਮੁਲਤਾਨੀ, ਡਾਇਰੈਕਟਰ, ਰਿਸਰਚ ਐਂਡ ਡਿਵੈਲਪਮੈਂਟ ਸੈੱਲ, ਨੇ "ਰਿਸਰਚ ਪ੍ਰੋਪੋਜ਼ਲ ਲਿਖਣ ਦੀ ਪ੍ਰਕਿਰਿਆ" ਵਿਸ਼ੇ 'ਤੇ ਵਿਸਥਾਰ ਨਾਲ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਖੋਜ ਵਿਸ਼ੇ ਦੀ ਚੋਣ, ਉਦੇਸ਼ ਨਿਰਧਾਰਨ, ਰਿਵਿਊ ਆਫ ਲਿਟਰੇਚਰ ਅਤੇ ਰਿਸਰਚ ਡਿਜ਼ਾਈਨ ਦੀ ਮਹੱਤਤਾ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ। ਉਨ੍ਹਾਂ ਨੇ ਕਿਹਾ ਕਿ ਇੱਕ ਪ੍ਰਭਾਵਸ਼ਾਲੀ ਰਿਸਰਚ ਪ੍ਰੋਪੋਜ਼ਲ ਖੋਜ ਕਾਰਜ ਦੀ ਮਜ਼ਬੂਤ ਨੀਂਹ ਹੁੰਦਾ ਹੈ। ਸੈਸ਼ਨ ਦੌਰਾਨ ਓਪਨ ਯੂਨੀਵਰਸਿਟੀ ਦੇ ਰਿਸਰਚ ਸਕਾਲਰ ਨੇ ਭਾਗ ਲਿਆ । ਡਾ. ਸੁਲਕਸ਼ਨਾ ਦਿਵੇਦੀ, ਐਸੋਸੀਏਟ ਡੀਨ ਸਟੂਡੈਂਟ ਵੈਲਫੇਅਰ ਵੱਲੋਂ ਧੰਨਵਾਦ ਕੀਤਾ ਗਿਆ।



# ਓਪਨ ਯੂਨੀਵਰਸਿਟੀ ਵਿਖੇ ਰਿਸਰਚ ਮੈਥਡੋਲੋਜੀ 'ਤੇ 7 ਦਿਨਾ ਰਾਸ਼ਟਰੀ ਵਰਕਸ਼ਾਪ ਦੀ ਸ਼ੁਰੂਆਤ

ਪਟਿਆਲਾ, 15 ਮਈ (ਰਾਜੇਸ਼ ਪੰਜੋਲਾ)- ਰਿਸਰਚ ਐਂਡ ਡਿਵੈਲਪਮੈਂਟ ਸੈੱਲ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਵੱਲੋਂ 'ਰਿਸਰਚ ਮੈਥਡੋਲੋਜੀ' 'ਤੇ 7 ਰੋਜ਼ਾ ਰਾਸ਼ਟਰੀ ਵਰਕਸ਼ਾਪ ਦੀ ਸ਼ੁਰੂਆਤ ਹੋਈ। ਵਰਕਸ਼ਾਪ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਪ੍ਰੋ (ਡਾ.) ਰਤਨ ਸਿੰਘ ਦੀ ਯੋਗ ਅਗਵਾਈ ਹੇਠ ਕਰਵਾਈ ਜਾ ਰਹੀ ਹੈ।

ਵਰਕਸ਼ਾਪ ਦੌਰਾਨ ਡਾ. ਨੀਰਜ ਕੁਮਾਰ ਸਿੰਘ, ਡਿਪਟੀ ਲਾਇਬ੍ਰੇਰੀਅਨ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਡਾ. ਸਤਿੰਦਰ ਕੁਮਾਰ, ਸਕੂਲ ਆਫ਼ ਮੈਨੇਜਮੈਂਟ ਸਟੱਡੀਜ਼, ਪੰਜਾਬੀ ਯੂਨੀਵਰਸਿਟੀ ਅਤੇ ਡਾ. ਗੁਰਮਨਪ੍ਰੀਤ ਕੌਰ, ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ, ਪੰਜਾਬ ਰਿਸਰਚ ਸਕਾਲਰਾਂ ਨੂੰ ਵੱਖ-ਵੱਖ ਵਿਸ਼ਿਆਂ ਬਾਰੇ ਜਾਣਕਾਰੀ ਦੇਣਗੇ। ਉਦਘਾਟਨੀ ਸੈਸ਼ਨ ਦੌਰਾਨ ਪ੍ਰੋ (ਡਾ.) ਰਤਨ ਸਿੰਘ ਨੇ ਰਿਸਰਚ ਸਕਾਲਰਾਂ ਨੂੰ ਵਧੀਆ ਖੋਜ ਦਾ ਹਾਈਪੋਥੀਸ ਬਣਾਉਣ ਲਈ ਪ੍ਰੇਰਿਤ ਕੀਤਾ।

ਵਰਕਸ਼ਾਪ ਦੇ ਪਹਿਲੇ ਸੈਸ਼ਨ 'ਚ ਡਾ. ਨਵਲੀਨ ਮੁਲਤਾਨੀ, ਡਾਇਰੈਕਟਰ, ਰਿਸਰਚ ਐਂਡ ਡਿਵੈੱਲਪਮੈਂਟ ਸੈੱਲ ਨੇ "ਰਿਸਰਚ ਪ੍ਰੋਪੋਜ਼ਲ ਲਿਖਣ ਦੀ ਪ੍ਰਕਿਰਿਆ' ਵਿਸ਼ੇ 'ਤੇ ਵਿਸਥਾਰ ਨਾਲ ਵਿਚਾਰ ਸਾਂਝੇ ਕੀਤੇ। ਸੈਸ਼ਨ ਦੌਰਾਨ ਓਪਨ ਯੂਨੀਵਰਸਿਟੀ ਦੇ ਰਿਸਰਚ ਸਕਾਲਰ ਨੇ ਭਾਗ ਲਿਆ। ਡਾ. ਸੁਲਕਸ਼ਨਾ ਦਿਵੇਦੀ, ਐਸੋਸੀਏਟ ਡੀਨ ਸਟੂਡੈਂਟ ਵੈੱਲਫੇਅਰ ਵੱਲੋਂ ਧੰਨਵਾਦ ਕੀਤਾ ਗਿਆ।

ਓਪਨ ਯੂਨੀਵਰਸਿਟੀ ਵਿਖੇ ਆਯੋਜਿਤ ਵਰਕਸ਼ਾਪ ਦਾ ਦ੍ਰਿਸ਼। (ਜੈਦਕਾ)





**Link**

https://www.instagram.com/p/DYe0hhTD6n2/?utm_source=ig_web_copy_link&igsh=MzRlODBiNWFlZA==

https://www.facebook.com/share/p/1Ez2LMYu72/